ਭਾਗ 1

ਮੁੱਖਬੰਧ: ਮਾਪੇ ਅਤੇ ਬੱਚੇ

- ਹਰੇਕ ਮਾਪਿਆਂ ਕੋਲ ਆਪਣੇ ਬੱਚਿਆਂ ਲਈ ਇੱਕ ਸੁਪਨਾ ਹੁੰਦਾ ਹੈ।

- ਸਾਡੇ ਬੱਚੇ ਸਾਡੇ ਸਭ ਤੋਂ ਵੱਡੇ **ਅਨੰਦ** ਜਾਂ ਸਭ ਤੋਂ ਵੱਡੇ **ਦਰਦ** ਦਾ ਸ੍ਰੋਤ ਹੋ ਸਕਦੇ ਹਨ।

- ਸਾਡੇ ਸਵਰਗੀ ਪਿਤਾ ਕੋਲ ਆਪਣੇ ਹਰੇਕ ਬੱਚੇ ਲਈ ਇੱਕ ਸੁਪਨਾ ਹੈ।

- ਪਰਮੇਸ਼ੁਰ ਦਾ ਸੁਪਨਾ ਤੁਹਾਨੂੰ ਆਪਣਾ **ਪੁੱਤਰ ਜਾਂ ਧੀ** ਬਣਾਉਣਾ ਹੈ।

  ਮੱਤੀ 5:48, ਰੋਮੀਆਂ 8:29, ਅਫ਼ਸੀਆਂ 4:13

- ਪਰਮੇਸ਼ੁਰ ਕੋਲ ਉਸ ਦੇ ਹਰੇਕ ਬੱਚੇ ਲਈ ਸੁਫ਼ਨਾ ਇਹ ਹੈ ਕਿ ਉਹ ਇੱਕ ਚੇਲਾ ਬਣੇ –

ਰੋਮੀਆਂ 12 ਦਾ ਇੱਕ ਮਸੀਹੀ!

5 ਕੁੰਜੀ ਸੰਬੰਧ: → ਰੋਮੀਆਂ 12 ਦੇ ਬਾਈਬਲੀ ਜਵਾਬ

1. ਪਰਮੇਸ਼ੁਰ ਨਾਲ ਸੰਬੰਧ: ਪਰਮੇਸ਼ੁਰ ਅੱਗੇ ਸਮਰਪਣ

"ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ।"

ਰੋਮੀਆਂ 12:1

2. ਜੁੱਗ ਦੇ ਨਾਲ ਸੰਬੰਧ: ਜੁੱਗ ਤੋਂ ਅੱਡ

"ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।"

ਰੋਮੀਆਂ 12:2

3. ਆਪਣੇ ਆਪ ਨਾਲ ਸੰਬੰਧ: ਆਤਮ-ਮੁਲਾਂਕਣ ਵਿੱਚ ਸੰਜਮੀ

"ਮੈਂ ਤਾਂ ਓਸ ਕਿਰਪਾ ਤੋਂ ਜਿਹੜੀ ਮੈਨੂੰ ਦਾਨ ਹੋਈ ਤੁਹਾਡੇ ਵਿੱਚੋਂ ਹਰੇਕ ਨੂੰ ਆਖਦਾ ਹਾਂ ਭਈ ਉਹ ਆਪਣੇ ਆਪ ਨੂੰ ਜਿੰਨਾ ਚਾਹੀਦਾ ਹੈ ਉਸ ਨਾਲੋਂ ਵੱਧ ਨਾ ਸਮਝੇ ਸਗੋਂ ਸੁਰਤ ਨਾਲ ਸਮਝੇ ਜਿੱਕੁਰ ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ ਹੈ। ਜਿਵੇਂ ਇੱਕ ਸਰੀਰ ਵਿੱਚ ਢੇਰ ਸਾਰੇ ਅੰਗ ਹਨ ਪਰ ਸਾਰਿਆਂ ਅੰਗਾਂ ਦਾ ਇੱਕੋ ਹੀ ਕੰਮ ਨਹੀਂ। ਤਿਵੇਂ ਅਸੀਂ ਜੋ ਢੇਰ ਸਾਰੇ ਹਾਂ ਮਸੀਹ ਵਿੱਚ ਮਿਲ ਕੇ ਇੱਕ ਸਰੀਰ ਹਾਂ ਅਰ ਇੱਕ ਇੱਕ ਕਰਕੇ ਇੱਕ ਦੂਏ ਦੇ ਅੰਗ ਹਾਂ। 6 ਸੋ ਸਾਨੂੰ ਉਸ ਕਿਰਪਾ ਦੇ ਅਨੁਸਾਰ ਜੋ ਸਾਨੂੰ ਦਾਨ ਹੋਈ ਵੱਖੋ ਵੱਖਰੀਆਂ ਦਾਤਾਂ ਮਿਲੀਆਂ। ਫੇਰ ਜੇ ਉਹ ਨਬੂਵਤ ਹੋਵੇ ਤਾਂ ਆਪਣੀ ਨਿਹਚਾ ਦੇ ਸਮਾਨ ਨਬੂਵਤ ਕਰੀਏ ਜੇ ਸੇਵਾ ਹੋਵੇ ਤਾਂ ਆਪਣੀ ਸੇਵਾ ਵਿੱਚ ਰਹੀਏ, ਜੇ ਸਿਖਾਉਣ ਵਾਲਾ ਹੋਵੇ ਤਾਂ ਸਿਖਾਉਣ ਦੇ ਕੰਮ ਵਿੱਚ। ਜੇ ਉਪਦੇਸ਼ਕ ਹੋਵੇ ਤਾਂ ਉਪਦੇਸ਼ ਕਰਨ ਵਿੱਚ, ਦਾਨ ਦੇਣ ਵਾਲਾ ਖੁਲ੍ਹੇ ਦਿਲ ਦੇਵੇ, ਉਪਕਾਰ ਤਰੱਦਦ ਨਾਲ ਹੋਵੇ, ਦਯਾ ਕਰਨ ਵਾਲਾ ਖੁਸ਼ੀ ਨਾਲ ਦਯਾ ਕਰੇ।"

ਰੋਮੀਆਂ 12:3-8

Copyright © 2025 by Chip Ingram and Living on the Edge

4. ਵਿਸ਼ਵਾਸੀਆਂ ਨਾਲ ਸੰਬੰਧ: ਪਿਆਰ ਵਿੱਚ ਸੇਵਾ ਕਰਦਾ

"ਪ੍ਰੇਮ ਨਿਸ਼ਕਪਟ ਹੋਵੇ, ਬੁਰਿਆਈ ਤੋਂ ਸੂਗ ਕਰੋ, ਭਲਿਆਈ ਨਾਲ ਮਿਲੇ ਰਹੋ। ***ਭਰੱਪਣ ਦੇ ਪ੍ਰੇਮ ਵਿੱਚ ਇੱਕ ਦੂਏ ਨਾਲ ਗੂੜ੍ਹਾ ਹਿਤ ਰੱਖੋ।*** *ਆਦਰ ਵਿੱਚ ਦੂਏ ਨੂੰ ਚੰਗਾ ਸਮਝੋ, ਮਿਹਨਤ ਵਿੱਚ ਢਿੱਲੇ ਨਾ ਹੋਵੋ, ਆਤਮਾ ਵਿੱਚ ਸਰਗਰਮ ਰਹੋ, ਪ੍ਰਭੂ ਦੀ ਸੇਵਾ ਕਰਿਆ ਕਰ, ਆਸਾ ਵਿੱਚ ਅਨੰਦ ਅਤੇ ਬਿਪਤਾ ਵਿੱਚ ਧੀਰਜ ਕਰੋ, ਪ੍ਰਾਰਥਨਾ ਲਗਾਤਾਰ ਕਰਦੇ ਰਹੋ, ਸੰਤਾਂ ਦੀਆਂ ਲੋੜਾਂ ਦੇ ਸਾਂਝੀ ਬਣੋ, ਪਰਾਹੁਣਚਾਰੀ ਪੁੱਜ ਕੇ ਕਰੋ।"*

ਰੋਮੀਆਂ 12:9-13

1. **ਗੈਰ-ਵਿਸ਼ਵਾਸੀਆਂ ਨਾਲ ਸੰਬੰਧ:** ਅਲੌਕਿਕ ਢੰਗ ਨਾਲ **ਬੁਰਿਆਈ ਦਾ ਭਲਿਆਈ ਵਿੱਚ ਜਵਾਬ ਦੇਣਾ**

"ਆਪਣੇ ਦੁਖਦਾਈਆਂ ਨੂੰ ਅਸੀਸ ਦਿਓ, ਅਸੀਸ ਦਿਓ, ਫਿਟਕਾਰੋ ਨਾ। ਅਨੰਦ ਕਰਨ ਵਾਲਿਆਂ ਦੇ ਨਾਲ ਅਨੰਦ ਕਰੋ, ਰੋਣ ਵਾਲਿਆਂ ਨਾਲ ਰੋਵੋ, ਆਪੋ ਵਿੱਚ ਇੱਕ ਮਨ ਹੋਵੋ, ਉੱਚੀਆਂ ਗੱਲਾਂ ਉੱਤੇ ਮਨ ਨਾ ਲਾਓ ਪਰ ਨੀਵਿਆਂ ਨਾਲ ਮਿਲੇ ਰਹੋ, ਆਪਣੀ ਜਾਚ ਵਿੱਚ ਸਿਆਣੇ ਨਾ ਬਣ ਬੈਠੋ।

ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ। *ਜਿਹੜੀਆਂ ਗੱਲਾਂ ਸਾਰੇ ਮਨੁੱਖਾਂ ਦੇ ਭਾਣੇ ਚੰਗੀਆਂ ਹਨ ਓਹਨਾਂ ਦਾ ਧਿਆਨ ਰੱਖੋ। ਜੇ ਹੋ ਸਕੇ ਤਾਂ ਆਪਣੀ ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ। ਹੇ ਪਿਆਰਿਓ, ਆਪਣਾ ਬਦਲਾ ਨਾ ਲਓ ਪਰ ਕ੍ਰੋਧ ਨੂੰ ਜਾਣ ਦਿਓ ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੂ ਆਖਦਾ ਹੈ, "ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ। " ਪਰ ਜੇ ਤੇਰਾ ਵੈਰੀ ਭੁੱਖਾ ਹੋਵੇ ਤਾਂ ਉਹ ਨੂੰ ਖੁਆ, ਜੇ ਤਿਹਾਇਆ ਹੋਵੇ ਤਾਂ ਉਹ ਨੂੰ ਪਿਆ ਕਿਉਂ ਜੋ ਇਹ ਕਰ ਕੇ ਤੂੰ ਉਹ ਦੇ ਸਿਰ ਉੱਤੇ ਅੱਗ ਦੇ ਅੰਗਿਆਰਾਂ ਦਾ ਢੇਰ ਲਾਵੇਂਗਾ। ਬੁਰਿਆਈ ਤੋਂ ਨਾ ਹਾਰ* ***ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ।"***

ਰੋਮੀਆਂ 12:14-21

Copyright © 2025 by Chip Ingram and Living on the Edge

ਚੇਤਾਵਨੀ – ਰੋਮੀਆਂ 12 ਜੀਵਨ ਬਿਤਾਉਣ ਲਈ "ਸਖਤ ਕੋਸ਼ਿਸ਼" ਕਰੋ ਦੀ ਇੱਕ ਨੈਤਿਕ ਸੰਹਿਤਾ ਨਹੀਂ ਹੈ, ਪਰ ਜੋ ਪਰਮੇਸ਼ੁਰ ਨੇ ਸਾਡੇ ਲਈ ਪਹਿਲਾਂ ਹੀ ਕੀਤਾ ਲਈ ਇੱਕ ਵਿਸ਼ਵਾਸ ਦਾ ਜਵਾਬ ਹੈ।

- ਰੋਮੀਆਂ 1 – 3: ਪਾਪ – ਸਾਡੀ ਸਮੱਸਿਆ ਜਿਹੜੀ ਸਾਨੂੰ ਪਰਮੇਸ਼ੁਰ ਤੋਂ ਅੱਡ ਕਰਦੀ ਹੈ।
- ਰੋਮੀਆਂ 4 – 5: ਮੁਕਤੀ – ਸਲੀਬ ਉੱਤੇ ਯਿਸੂ ਦੇ ਕੰਮ ਵਿੱਚ ਪਰਮੇਸ਼ੁਰ ਦਾ ਹੱਲ
- ਰੋਮੀਆਂ 6 – 8: ਪਵਿੱਤਰੀਕਰਣ – ਪਰਮੇਸ਼ੁਰ ਦੀ ਸ਼ਕਤੀ ਵਿੱਚ ਤੁਹਾਡੇ ਨਵੇਂ ਜੀਵਨ ਨੂੰ ਬਿਤਾਉਣਾ ਅਤੇ ਮਸੀਹ ਦੀ ਸਮਾਨਤਾ ਵਿੱਚ ਹੌਲੀ-ਹੌਲੀ ਵਧਦੇ ਜਾਣਾ
- ਰੋਮੀਆਂ 9 – 11: ਪ੍ਰਭੂਸੱਤਾ – ਆਤਮਵਿਸ਼ਵਾਸ ਵਿੱਚ ਜੀਵਨ ਬਿਤਾਉਣਾ ਕਿਉਂਕਿ ਪਰਮੇਸ਼ੁਰ ਨਿਯੰਤ੍ਰਣ ਕਰਦਾ ਅਤੇ ਆਪਣੇ ਵਾਇਦਿਆਂ ਨੂੰ ਪੂਰਾ ਕਰਦਾ ਹੈ...

ਨਿੱਜੀ ਲਾਗੂਕਰਨ ਪ੍ਰਸ਼ਨ:

1. ਕੀ ਤੁਸੀਂ ਰੋਮੀਆਂ 12 ਦੇ ਇੱਕ ਮਸੀਹੀ ਬਣਨ ਦੇ ਦੁਆਰਾ ਸਭ ਜੋ ਤੁਹਾਡੇ ਸਵਰਗੀ ਪਿਤਾ ਨੇ ਤੁਹਾਡੇ ਲਈ ਯੋਜਨਾ ਬਣਾਈ ਹੈ ਨੂੰ ਪ੍ਰਾਪਤ ਕਰਨਾ ਚਾਹੋਗੇ?
2. ਕੀ ਤੁਸੀਂ ਮਸੀਹ ਨਾਲ ਤੁਹਾਡੇ ਸੰਬੰਧ ਵਿੱਚ "ਪੂਰਾ ਸ਼ਾਮਲ" ਹੋਣ ਲਈ ਨਿੱਜੀ ਕਦਮ ਚੁੱਕੇ ਹਨ?
3. ਕਿਵੇਂ ਤੁਹਾਡਾ ਸਮਰਪਣ ਅਤੇ ਸੰਸਾਰ ਦੀਆਂ ਕਦਰਾਂ-ਕੀਮਤਾਂ ਤੋਂ ਤੁਹਾਡਾ ਅੱਡ ਹੋਣਾ ਤੁਹਾਨੂੰ ਤੁਹਾਡੇ ਜੀਵਨ ਲਈ ਪਰਮੇਸ਼ੁਰ ਦੇ ਉੱਤਮ ਨੂੰ ਪ੍ਰਾਪਤ ਕਰਨ ਲਈ ਤਿਆਰ ਕਰਦਾ ਹੈ? ਵੇਖੋ ਜ਼ਬੂਰ 84:11
4. ਕਿਹੜਾ "ਅਗਲਾ ਕਦਮ" ਤੁਹਾਨੂੰ ਤੁਹਾਡੇ ਜੀਵਨ ਲਈ ਪਰਮੇਸ਼ੁਰ ਦੇ ਸੁਪਨੇ ਨੂੰ ਪੂਰਾ ਕਰਨ ਵਿੱਚ ਮਦਦ ਕਰੇਗਾ?
5. ਜਦੋਂ ਤੁਸੀਂ ਆਗਿਆਕਾਰੀ ਦਾ ਅਗਲਾ ਕਦਮ ਚੁੱਕਦੇ ਹੋ ਤਾਂ ਕੌਣ ਤੁਹਾਡੀ ਸਹਾਇਤਾ ਅਤੇ ਸਮਰਥਣ ਕਰ ਸਕਦਾ ਹੈ?

Copyright © 2025 by Chip Ingram and Living on the Edge